# ਭਾਰਤ-ਅਮਰੀਕਾ ਦੇ ਵਿਦੇਸ਼ ਦਫਤਰਾਂ ਵਿਚਾਲੇ ਸਲਾਹ- ਮਸ਼ਵਰਾ

7 ਜੁਲਾਈ, 2020

ਵਿਦੇਸ਼ ਸਕੱਤਰ ਹਰਸ਼ਵਰਧਨ ਸ਼ਰਿੰਗਲਾ ਅਤੇ ਅਮਰੀਕਾ ਦੇ ਰਾਜਨੀਤਕ ਮਾਮਲਿਆਂ ਦੇ ਅੰਡਰ ਸੈਕਟਰੀ ਆਫ ਸਟੇਟ ਡੇਵਿਡ ਹੇਲ ਨੇ 7 ਜੁਲਾਈ, 2020 ਨੂੰ ਵਰਚੁਅਲ ਤਰੀਕੇ ਨਾਲ ਵਿਦੇਸ਼ ਦਫਤਰ ਦੇ ਮਸ਼ਵਰੇ ਕੀਤੇ। ਉਨ੍ਹਾਂ ਨੇ ਰਾਜਨੀਤਕ, ਆਰਥਿਕ, ਵਪਾਰਕ ਅਤੇ ਕੌਮਾਂਤਰੀ ਸਹਿਯੋਗ ਸਮੇਤ ਭਾਰਤ-ਅਮਰੀਕਾ ਵਿਆਪਕ ਗਲੋਬਲ ਰਣਨੀਤਕ ਭਾਈਵਾਲੀ ਦੇ ਤਹਿਤ ਸਮੁੱਚੇ ਸੰਬੰਧਾਂ ਦਾ ਜਾਇਜ਼ਾ ਲਿਆ।

ਕੋਵਿਡ -19 ਮਹਾਂਮਾਰੀ ਦੇ ਪਿਛੋਕੜ ਵਿਚ ਉਨ੍ਹਾਂ ਨੇ ਦਵਾਈਆਂ ਅਤੇ ਟੀਕੇ ਦੇ ਵਿਕਾਸ ਸਮੇਤ ਸਿਹਤ ਸੰਬੰਧੀ ਦੁਵੱਲੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ 'ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਵੀਜ਼ਾ ਸਹੂਲਤ ਸਮੇਤ ਦੋਨਾਂ ਦੇਸ਼ਾਂ ਲਈ ਲਾਭਵੰਦ ਵਪਾਰਕ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਵਿਦੇਸ਼ ਸਕੱਤਰ ਸ਼ਿੰਗਲਾ ਅਤੇ ਅੰਡਰ ਸੈਕਟਰੀ ਹੇਲ ਨੇ ਸਾਂਝੇ ਹਿੱਤ ਦੇ ਕਈ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਅਜ਼ਾਦ, ਖੁੱਲਾ, ਸਮਾਵੇਸ਼ੀ, ਸ਼ਾਂਤਮਈ ਅਤੇ ਖੁਸ਼ਹਾਲ ਹਿੰਦ-ਪ੍ਰਸ਼ਾਂਤ ਖੇਤਰ ਯਕੀਨੀ ਬਣਾਉਣ ਲਈ ਕੰਮ ਕਰਨ ਪ੍ਰਤੀ ਮੁੜ ਤੋਂ ਆਪਣੀ ਵਚਨਬੱਧਤਾ ਦੀ ਤਸਦੀਕ ਕੀਤੀ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵਿਚ, ਖਾਸ ਤੌਰ 'ਤੇ 2021-2022 ਦੀ ਮਿਆਦ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿਚ ਭਾਰਤ ਦੀ ਮੈਂਬਰਸ਼ਿਪ ਦੇ ਦੌਰਾਨ, ਡੂੰਘੇ ਸਹਿਯੋਗ ਦੀ ਜ਼ਰੂਰਤ ਤੇ ਸਹਿਮਤੀ ਪ੍ਰਗਟਾਈ।

ਉਨ੍ਹਾਂ ਨੇ ਆਪਸੀ ਸੰਪਰਕ ਕਾਇਮ ਰੱਖਣ ਅਤੇ ਇਸ ਸਾਲ ਬਾਅਦ ਵਿਚ ਭਾਰਤ ਵੱਲੋਂ ਕਰਾਈ ਜਾਣ ਵਾਲੀ 2 + 2 ਮੰਤਰੀ ਮੰਡਲੀ ਬੈਠਕ ਵਰਗੇ ਵੱਖ ਵੱਖ ਤੰਤਰਾਂ ਜ਼ਰੀਏ ਦੁਵੱਲੇ ਏਜੰਡੇ ਉੱਪਰ ਅੱਗੇ ਵਧਣ 'ਤੇ ਸਹਿਮਤੀ ਜ਼ਾਹਰ ਕੀਤੀ।

ਨਵੀਂ ਦਿੱਲੀ

7 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.